

ਕੁਚੀਪੁੜੀ ਨ੍ਰਿਤ ਕਰਦੀ ਹੋਈ ਸਹਿਤੀ ਪੰਡੀਆਲਾ (ਸੱਜੇ) ਕਹਾਣੀ-ਪਾਠ ਮੁਕਾਬਲੇ ਵਿਚ ਭਾਗ ਲੈ ਰਿਹਾ ਇਕ ਵਿਦਿਆਰਥੀ।

# ਸਾਹਿਤ ਅਕਾਦਮੀ ਪੁਸਤਕ ਮੇਲੇ 'ਚ ਬੱਚਿਆਂ ਲਈ ਕਹਾਣੀ-ਪਾਠ ਮੁਕਾਬਲਾ ਕਰਵਾਇਆ

ਨਵੀਂ ਦਿੱਲੀ, 14 ਦਸੰਬਰ (ਮਿਸਰਦੀਪ ਭਾਟੀਆ)-ਸਾਹਿਤ ਅਕਾਦਮੀ ਦੁਆਰਾ ਲਗਾਏ ਗਏ ਪੁਸਤਕ ਮੇਲੇ ਵਿਚ ਬੱਚਿਆਂ ਲਈ ਕਹਾਣੀ-ਪਾਠ ਮੁਕਾਬਲਾ ਕਰਵਾਇਆ ਗਿਆ ਅਤੇ ਸ਼ਾਮ ਨੂੰ ਮਿਨੀ ਕਹਾਣੀਆਂ ਪੜ੍ਹੀਆਂ ਗਈਆਂ। ਬੱਚਿਆਂ ਵਿਚ ਪੁਸਤਕ ਸੱਭਿਆਚਾਰ ਪੈਦਾ ਕਰਨ ਲਈ ਮੇਲੇ ਵਿਚ ਹਰ ਰੋਜ਼ ਕਈ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸ ਲੜੀ ਦੇ ਅੰਤਰਗਤ ਮੇਲੇ ਵਿਚ ਕਹਾਣੀ-ਪਾਠ ਮੁਕਾਬਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿਚ 6 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਕਹਾਣੀ ਮੁਕਾਬਲੇ ਦੇ ਜੱਜ ਉੱਘੇ ਬਾਲ ਲੇਖਕ ਅਨਿਲ ਜਾਇਸਵਾਲ ਸਨ।

ਸੱਭਿਆਚਾਰਕ ਪ੍ਰੋਗਰਾਮ ਦੇ ਅੰਤਰਗਤ ਹਿੰਦੁਸਤਾਨੀ ਗਾਇਨ ਰਿਸ਼ੀਕੇਸ ਮਲਿਕ ਦੁਆਰਾ ਅਤੇ ਕੁਚੀਪੁੜੀ ਨ੍ਰਿਤ ਸਹਿਤੀ ਪੰਡੀਆਲਾ ਦੁਆਰਾ ਪੇਸ਼ ਕੀਤਾ ਗਿਆ। ਸ਼ਾਮ ਨੂੰ 5 ਵਜੇ ਆਯੋਜਿਤ ਪੁਸਤਕ ਚਰਚਾ ਵਿਚ ਅਮਰਨਾਥ ਝਾਅ ਦੇ ਚੋਣਵੇਂ ਲੇਖਾਂ ਦੀ ਕਿਤਾਬ ਉੱਤੇ ਉਦੈ ਨਰਾਇਣ ਸਿੰਘ, ਹਰੀਸ਼ ਦਿਵੇਦੀ ਅਤੇ ਲਲਿਤ ਕੁਮਾਰ ਨੇ ਚਰਚਾ ਕੀਤੀ।

ਮਿਨੀ ਕਹਾਣੀ ਪਾਠ ਉੱਘੇ ਲੇਖਕ ਬਲਰਾਮ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿਚ ਅਸ਼ੋਕ ਭਾਟੀਆ, ਚੇਤਨ ਦਿਵੇਦੀ, ਅਸ਼ੋਕ ਜੈਨ ਅਤੇ ਮਹੇਸ਼ ਦਰਪਣ ਨੇ ਆਪਣੀਆਂ-ਆਪਣੀਆਂ ਕਹਾਣੀਆਂ ਪੜ੍ਹੀਆਂ।